# ਕਾਰੋਬਾਰ ਨੂੰ ਜਾਰੀ ਰੱਖਣਾ ਅਤੇ COVID-19: ਬੀ.ਸੀ. ਵਿੱਚ ਛੋਟੇ ਕਾਰੋਬਾਰਾਂ ਲਈ ਮੁੱਖ ਵਿਚਾਰ

BRITISH COLUMBIA

ਸਾਰੇ ਆਕਾਰਾਂ ਦੇ ਕਾਰੋਬਾਰ ਉਨ੍ਹਾਂ ਦੇ ਸਟਾਫ ਅਤੇ ਓਪਰੇਸ਼ਨਾਂ ਨੂੰ ਕਾਰੋਬਾਰ ਵਿੱਚ ਸੰਭਾਵੀ ਵਿਘਨਾਂ ਜਿਸ ਵਿੱਚ COVID-19 ਜਿਹੀਆਂ ਆਉਟਬ੍ਰੇਕਾਂ ਸ਼ਾਮਲ ਹਨ, ਲਈ ਤਿਆਰ ਕਰਨ ਵਾਸਤੇ ਕਾਰੋਬਾਰ ਨੂੰ ਜਾਰੀ ਰੱਖਣ ਲਈ ਯੋਜਨਾ ਵਿਕਸਤ ਕਰ ਸਕਦੇ ਹਨ। 3 ਭਾਗਾਂ ਵਾਲੀ ਇਹ ਚੈੱਕਲਿਸਟ ਅਤੇ ਸਾਧਨਾਂ ਦੀ ਸੂਚੀ ਤੁਹਾਨੂੰ ਹੁਣ ਆਪਣੇ ਕਾਰੋਬਾਰ ਨੂੰ ਭਵਿੱਖ ਦੇ ਸੰਭਾਵੀ ਵਿਘਨਾਂ ਵਾਸਤੇ ਤਿਆਰ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ।

## 1. ਐਮਰਜੈਂਸੀ ਯੋਜਨਾਬੰਦੀ

☐ **ਕੀ ਤੁਹਾਡੀ ਕਾਰੋਬਾਰ ਨੂੰ ਜਾਰੀ ਰੱਖਣ ਦੀ ਯੋਜਨਾ ਹੈ ਜਿਹੜੀ ਬਿਮਾਰੀਆਂ ਦੀਆਂ ਆਉਟਬ੍ਰੇਕਾਂ ਨੂੰ ਸੰਬੋਧਿਤ ਕਰਦੀ ਹੈ?**

ਕਾਰੋਬਾਰ ਨੂੰ ਜਾਰੀ ਰੱਖਣ ਦੀ ਯੋਜਨਾ ਤੁਹਾਨੂੰ ਯੋਜਨਾ ਬਣਾਉਣ ਅਤੇ ਤੁਹਾਡੇ ਕਾਰੋਬਾਰ ਦੇ ਓਪਰੇਸ਼ਨਾਂ ਵਿੱਚ ਬਿਮਾਰੀਆਂ ਦੀਆਂ ਆਉਟਬ੍ਰੇਕਾਂ ਸਮੇਤ, ਕਿਸੇ ਵੀ ਕਿਸਮ ਦੇ ਵਿਘਨਾਂ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਦੀ ਹੈ। ਪਰੀਪੇਅਰਡਬੀਸੀ ਅਤੇ ਦ ਕਨੇਡੀਅਨ ਚੈਂਬਰ ਔਫ਼ ਕੌਮਰਸ ਕੋਲ ਤੁਹਾਨੂੰ ਸ਼ੁਰੂਆਤ ਕਰਨ ਵਿੱਚ ਸਹਾਇਤਾ ਕਰਨ ਲਈ ਗਾਇਡਾਂ ਅਤੇ ਸਾਧਨ ਹਨ।

☐ **ਕੀ ਤੁਸੀਂ ਹਾਲ ਹੀ ਵਿੱਚ ਕਰਮਚਾਰੀਆਂ ਨਾਲ ਆਪਣੀ ਕਾਰੋਬਾਰ ਨੂੰ ਜਾਰੀ ਰੱਖਣ ਦੀ ਯੋਜਨਾ ਬਾਰੇ ਗੱਲ ਕੀਤੀ ਅਤੇ ਉਨ੍ਹਾਂ ਨਾਲ ਉਸਦਾ ਅਭਿਆਸ ਕੀਤਾ ਹੈ?**

ਕਰਮਚਾਰੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਾਲ ਵਾਕਫ਼ ਹੋਕੇ ਤੁਹਾਡੀ ਕਾਰੋਬਾਰ ਨੂੰ ਜਾਰੀ ਰੱਖਣ ਦੀ ਯੋਜਨਾ ਦੇ ਭਾਗਾਂ ਦੀ ਕਿਰਿਆ ਵਿੱਚ ਸਹਾਇਤਾ ਕਰ ਸਕਦੇ ਹਨ। ਤਿਆਰੀ ਅਤੇ ਯੋਜਨਾ ਦੇ ਤੁਹਾਡੇ ਕਰਮਚਾਰੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਮਹੱਤਵਪੂਰਨ ਤੱਤਾਂ ਸੰਬੰਧੀ ਸੁਨੇਹਿਆਂ ਬਾਰੇ ਗੱਲਬਾਤ ਕਰਨ ਬਾਰੇ ਵਿਚਾਰ ਕਰੋ। ਜੇ ਸੰਭਵ ਹੋਏ, ਤਾਂ ਇਕੱਠੇ ਪ੍ਰੈਕਟਿਸ ਅਭਿਆਸ ਕਰੋ ਕਿ ਵੱਖ ਵੱਖ ਹਾਲਾਤਾਂ ਵਿੱਚ ਤੁਸੀਂ ਕਿਵੇਂ ਪ੍ਰਤੀਕਿਰਿਆ ਕਰੋਗੇ।

☐ **ਕੀ ਤੁਹਾਡੀ ਕਾਰੋਬਾਰ ਨੂੰ ਜਾਰੀ ਰੱਖਣ ਦੀ ਯੋਜਨਾ ਵਿੱਚ ਕਰਮਚਾਰੀਆਂ ਦੇ ਘੱਟ ਪੱਧਰਾਂ ਦੇ ਨਾਲ ਓਪਰੇਸ਼ਨ ਜਾਰੀ ਰੱਖਣ ਲਈ ਕਦਮ ਸ਼ਾਮਲ ਹਨ?**

ਅਜਿਹੇ ਦ੍ਰਿਸ਼ਾਂ ਬਾਰੇ ਸੋਚੋ ਜਿਥੇ ਤੁਸੀਂ, ਮੁੱਖ ਸਟਾਫ ਜਾਂ ਤੁਹਾਡੇ ਕਾਰਜਬਲ ਦਾ ਇੱਕ ਵੱਡਾ ਹਿੱਸਾ ਕੰਮ ਕਰਨ ਵਿੱਚ ਅਸਮਰਥ ਹੋ ਸਕਦਾ ਹੈ। ਸਥਾਨਕ ਅਤੇ ਅੰਤਰਰਾਸ਼ਟਰੀ ਮੌਸਮੀ ਕਾਮਿਆਂ ਦੀ ਉਪਲਬਧਤਾ 'ਤੇ ਸੰਭਾਵੀ ਪ੍ਰਭਾਵਾਂ ਤੇ ਵਿਚਾਰ ਕਰੋ।

## 2. ਕਰਮਚਾਰੀਆਂ ਦੀ ਰੱਖਿਆ ਕਰੋ

☐ **ਕੀ ਤੁਸੀਂ ਗਲੋਬਲ ਅਤੇ ਸਥਾਨਕ ਸਿਹਤ ਅਧਿਕਾਰੀਆਂ ਵਲੋਂ ਅੱਪ-ਟੂ-ਡੇਟ ਸੇਧਾਂ ਦੀ ਪਾਲਣਾ ਕਰ ਰਹੇ ਹੋ?**

ਹੈਲਥਲਿੰਕ ਬੀਸੀ, ਦ ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟ੍ਰੋਲ ਅਤੇ ਦ ਵਰਲਡ ਹੈਲਥ ਓਰਗੇਨਾਈਜ਼ੇਸ਼ਨ ਰਾਹੀਂ ਤਾਜ਼ਾ ਜਾਣਕਾਰੀ ਨਾਲ ਸੂਚਿਤ ਰਹੋ।

☐ **ਕੀ ਤੁਸੀਂ ਕੰਮ ਦੇ ਸਥਾਨ ਵਿੱਚ ਸਿਫਾਰਸ਼ ਕੀਤੇ ਗਏ ਸਫ਼ਾਈ ਅਤੇ ਸਵੱਛਤਾ ਸੰਬੰਧੀ ਉਪਾਆਂ ਨੂੰ ਸਰਗਰਮੀ ਨਾਲ ਵਧਾਵਾ ਦੇ ਰਹੇ ਹੋ?**

ਵਰਕਸੇਫਬੀਸੀ ਦੁਆਰਾ ਤੈਅ ਕੀਤੀਆਂ ਗਈਆਂ ਸੇਧਾਂ ਦੀ ਪਾਲਣਾ ਕਰੋ, ਸਮਾਜਕ ਦੂਰੀ (ਉਦਾਹਰਣ ਲਈ ਹੱਥ ਮਿਲਾਉਣ ਨੂੰ ਸੀਮਿਤ ਕਰੋ) ਨੂੰ ਉਤਸ਼ਾਹਤ ਕਰੋ, ਕਰਮਚਾਰੀਆਂ ਨੂੰ ਸੂਚਿਤ ਕਰੋ ਕਿ ਜੇ ਕੋਈ ਮੁਲਾਕਾਤੀ COVID-19 ਦੇ ਲੱਛਣ ਦਰਸ਼ਾਉਂਦਾ ਹੈ ਤਾਂ ਕੀ ਕਰਨਾ ਹੈ ਅਤੇ ਹੱਥ ਧੋਣ ਦੀ ਯਾਦ-ਦਹਾਨੀ ਵਾਲੇ ਪੋਸਟਰ ਪ੍ਰਦਰਸ਼ਿਤ ਕਰੋ।

☐ **ਕੀ ਤੁਸੀਂ ਆਪਣੇ ਲਾਭਾਂ ਅਤੇ ਛੁੱਟੀਆਂ ਸੰਬੰਧੀ ਨੀਤੀਆਂ ਤੇ ਪੁਨਰ ਵਿਚਾਰ ਕੀਤਾ ਹੈ?**

ਇਹ ਯਕੀਨੀ ਬਣਾਉਣ ਲਈ ਆਪਣੀਆਂ ਛੁੱਟੀਆਂ ਸੰਬੰਧੀ ਨੀਤੀਆਂ ਦੀ ਸਮੀਖਿਆ ਕਰੋ ਕਿ ਕਰਮਚਾਰੀਆਂ ਕੋਲ ਸਵੈ-ਇਕੱਲਤਾ ਜਾਂ ਪਰਿਵਾਰ ਦੇ ਬਿਮਾਰ ਸਦੱਸ ਦੀ ਦੇਖਭਾਲ ਕਰਨ ਵਰਗੇ ਮੈਡੀਕਲ ਹਾਲਾਤਾਂ ਨਾਲ ਨਜਿੱਠਣ ਲਈ ਕਵਰੇਜ ਹੈ। ਆਪਣੇ ਕਰਮਚਾਰੀਆਂ ਦੇ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਲੇਬਰ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਕਰਨ ਲਈ ਗੱਲਬਾਤ ਕਰੋ ਅਤੇ ਸੁਪਰਵਾਈਜ਼ਰਾਂ ਦੇ ਨਾਲ ਉਨ੍ਹਾਂ ਨੂੰ ਆਪਣੀਆਂ COVID-19 ਸੰਬੰਧੀ ਯੋਜਨਾਵਾਂ ਅਤੇ ਨੀਤੀਆਂ ਬਾਰੇ ਸਿਖਲਾਈ ਦੇਣ ਲਈ ਕੰਮ ਕਰੋ। ਸਮੌਲ ਬਿਜ਼ਨਸ ਬੀਸੀ ਦੀ ਟੌਕ ਟੂ ਐਨ ਐਕਸਪਰਟ ਸੀਰੀਜ਼ ਇਨਾਂ ਅਤੇ ਹੋਰ ਵਿਸ਼ਿਆਂ ਬਾਰੇ ਕਿਫਾਇਤੀ ਸੇਧ ਮੁਹੱਈਆ ਕਰਦੀ ਹੈ।

☐ **ਕੀ ਤੁਸੀਂ ਟੈਲੀਵਰਕ (telework) ਪ੍ਰਬੰਧ ਪੇਸ਼ ਕਰੋਗੇ?**

ਉਨ੍ਹਾਂ ਸਮਾਨ, ਨੀਤੀਆਂ ਅਤੇ ਸੰਚਾਰ ਸੰਬੰਧੀ ਸੰਦਾਂ ਬਾਰੇ ਵਿਚਾਰ ਕਰੋ ਜਿਹੜੀਆਂ ਤੁਹਾਨੂੰ ਟੈਲੀਵਰਕਿੰਗ ਸੰਬੰਧੀ ਪ੍ਰਬੰਧਾਂ ਦਾ ਸਮਰਥਨ ਕਰਨ ਵਾਸਤੇ ਸਥਾਪਤ ਕਰਨੀਆਂ ਪੈਣਗੀਆਂ।

☐ **ਕੀ ਤੁਸੀਂ ਮੁਲਾਕਾਤੀਆਂ ਦੁਆਰਾ ਆਪਣੇ ਕੰਮ ਦੇ ਸਥਾਨ ਤੱਕ/ਉਸ ਤੋਂ COVID-19 ਦੇ ਫੈਲਾਉ ਨੂੰ ਰੋਕਣ ਵਿੱਚ ਸਹਾਇਤਾ ਕਰ ਸਕਦੇ ਹੋ?**

ਆਪਣੇ ਕਰਮਚਾਰੀਆਂ ਨੂੰ ਸੂਚਿਤ ਕਰੋ ਕਿ ਜੇ ਕੋਈ ਮੁਲਾਕਾਤੀ COVID-19 ਦੇ ਲੱਛਣ ਦਰਸ਼ਾਉਂਦਾ ਹੈ ਜਾਂ ਵਾਇਰਸ ਦੇ ਨਾਲ ਉਸਦਾ ਸੰਭਾਵੀ ਸੰਪਰਕ ਹੋਇਆ ਹੈ ਤਾਂ ਕੀ ਕਰਨਾ ਹੈ। ਸਾਖਿਆਤ (in-person) ਆਵਾਜਾਈ ਨੂੰ ਘਟਾਉਣ ਲਈ ਵਿਕਲਪਾਂ ਤੇ ਵਿਚਾਰ ਕਰੋ।

## 3. ਓਪਰੇਸ਼ਨ ਜਾਰੀ ਰੱਖਣਾ

☐ **ਤੁਸੀਂ ਆਪਣੇ ਮਾਲ ਅਤੇ ਸੇਵਾਵਾਂ ਲਈ ਸਥਾਨਕ ਅਤੇ ਸੈਲਾਨੀਆਂ ਦੀ ਮੰਗ ਵਿੱਚ ਸੰਭਾਵੀ ਘਾਟੇ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰੋਗੇ?**

ਨਵੇਂ ਗਾਹਕਾਂ ਨੂੰ ਆਨਲਾਇਨ ਵੇਚਣ ਲਈ ਸਾਧਨਾਂ ਨੂੰ ਮੌਜੂਦਾ ਈਕੌਮਰਸ ਵਿਕਲਪਾਂ ਤੱਕ ਸ਼ਿਫਟ ਕਰਨ ਅਤੇ ਗਾਹਕਾਂ ਦੀ ਘਟੀ ਹੋਈ ਮੰਗ ਰਾਹੀਂ ਪ੍ਰਬੰਧਿਤ ਕਰਨ ਵਾਸਤੇ ਦੂਸਰੇ ਵਿਕਲਪਾਂ ਬਾਰੇ ਵਿਚਾਰ ਕਰੋ।

☐ **ਕੀ ਤੁਹਾਡੇ ਕੋਲ ਕਾਫੀ ਉਤਪਾਦ ਅਤੇ ਸਪਲਾਈਆਂ ਮੌਜੂਦ ਹਨ?**

ਵਿਘਨਾਂ ਦੇ ਜੋਖਮ ਵਾਲੇ ਉਤਪਾਦਾਂ, ਸੇਵਾਵਾਂ ਅਤੇ ਸਪਲਾਈਆਂ ਦੀ ਪਛਾਣ ਕਰੋ ਅਤੇ ਕਮੀਆਂ ਦਾ ਸਾਮ੍ਹਣਾ ਕਰਨ ਲਈ ਵਟਵੇਂ ਸਪਲਾਈਰਾਂ ਦੇ ਵਿਕਲਪਾਂ, ਜ਼ਰੂਰੀ ਹਿੱਸਿਆਂ ਦੇ ਉਪਭੋਗ ਤੇ ਪਾਬੰਦੀਆਂ ਲਗਾਉਣ (ਰਾਸ਼ਨ ਕਰਨ) ਅਤੇ ਦੂਸਰੀਆਂ ਰਣਨੀਤੀਆਂ ਬਾਰੇ ਸੋਚੋ।

☐ **ਕੀ ਤੁਹਾਡੇ ਕਾਰੋਬਾਰ ਕੋਲ ਅਜਿਹਾ ਬੀਮਾ ਹੈ ਜਿਹੜਾ ਬਿਮਾਰੀ ਫੈਲਣ ਦੇ ਜੋਖਮ ਨੂੰ ਕਵਰ ਕਰਦਾ ਹੈ?**

ਤੁਹਾਡੇ ਕਾਰੋਬਾਰ ਵਿੱਚ ਵਿਘਨ, ਮੁੱਖ ਵਿਅਕਤੀ ਦੀ ਸੁਰੱਖਿਆ ਅਤੇ/ਜਾਂ ਕਾਰੋਬਾਰ ਦੇ ਆਮਦਨੀ ਦੇ ਬੀਮੇ ਹੇਠ ਬਿਮਾਰੀ ਫੈਲਣ ਲਈ ਆਪਣੇ ਕਾਰੋਬਾਰੀ ਬੀਮਾ ਕਵਰੇਜ ਪਾਲਸੀਆਂ ਦੀ ਸਮੀਖਿਆ ਕਰੋ।

☐ **ਤੁਹਾਡੇ ਕਾਰੋਬਾਰ ਨੂੰ ਉਸਦੇ ਰੋਜ਼ਮੱਰਾ ਓਪਰੇਸ਼ਨਾਂ ਵਿੱਚ ਕਿਹੜੀਆਂ ਤਬਦੀਲੀਆਂ ਕਰਨ ਦੀ ਲੋੜ ਹੋਵੇਗੀ?**

ਕਾਰੋਬਾਰ ਸੰਬੰਧੀ ਯਾਤਰਾਵਾਂ ਤੇ ਜਾਣ ਤੋਂ ਪਹਿਲਾਂ ਯਾਤਰਾ ਸੰਬੰਧੀ ਸਲਾਹ ਤੋਂ ਮਸ਼ਵਰਾ ਲਓ, ਸਾਖਿਆਤ ਮੀਟਿੰਗਾਂ ਨੂੰ ਘਟਾਉਣ ਬਾਰੇ ਵਿਚਾਰ ਕਰੋ ਅਤੇ ਆਪਣੇ ਰੋਜ਼ਮੱਰਾ ਓਪਰੇਸ਼ਨਾਂ ਵਿੱਚ ਹੋਰ ਸੰਭਾਵੀ ਤਬਦੀਲੀਆਂ ਦਾ ਪੂਰਵ ਅਨੁਮਾਨ ਕਰੋ।

☐ **ਕੀ ਤੁਸੀਂ ਇੱਕ ਆਉਟਬ੍ਰੇਕ ਦੇ ਵਿੱਤੀ ਅਤੇ ਪ੍ਰਬੰਧਕੀ ਪ੍ਰਭਾਵਾਂ ਬਾਰੇ ਵਿਚਾਰ ਕੀਤਾ ਹੈ?**

ਵਿਚਾਰ ਕਰੋ ਕਿ ਤੁਹਾਡੇ ਇੰਨਪੁਟਾਂ ਦੀ ਲਾਗਤ ਵਿੱਚ ਤਬਦੀਲੀ, ਜਾਂ ਉਸ ਕੀਮਤ ਵਿੱਚ ਬਦਲਾਵ ਜਿਸ ਤੇ ਤੁਸੀਂ ਆਪਣਾ ਮਾਲ ਅਤੇ ਸੇਵਾਵਾਂ ਵੇਚ ਸਕਦੇ ਹੋ, ਤੁਹਾਡੇ ਸਭ ਤੋਂ ਘੱਟ ਲਾਭ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ। ਇੰਨਾਂ ਬਾਰੇ ਸੋਚੋ:

- ਆਪਣੀਆਂ ਪੇਸ਼ਕਸ਼ਾਂ ਵਿੱਚ ਫੇਰਬਦਲ ਕਰਨ ਜਾਂ ਉਨ੍ਹਾਂ ਵਿੱਚ ਭਿੰਨਤਾ ਲਿਆਉਣ ਦੇ ਤਰੀਕੇ।
- ਕੈਸ਼ ਫਲੋ ਵਿੱਚ ਤਰਲਤਾ ਯਕੀਨੀ ਬਣਾਉਣ ਲਈ ਕਦਮ ਚੁੱਕਣੇ।
- ਨਿਵੇਸ਼ਕਾਂ ਦੇ ਵਿਸ਼ਵਾਸ ਜਾਂ ਪੂੰਜੀ ਤੱਕ ਪਹੁੰਚ ਵਿੱਚ ਸੰਭਾਵੀ ਘਾਟੇ ਲਈ ਯੋਜਨਾਬੰਦੀ।
- ਨੌਕਰੀ ਤੋਂ ਕੱਢੇ ਗਏ (laid off) ਕਰਮਚਾਰੀਆਂ ਲਈ ਏਮਪਲੌਏਮੈਂਟ ਇੰਸ਼ੋਰੈਂਸ (ਈਆਈ) ਸੈਟਅੱਪ ਕਰਨਾ।
- ਜੇ ਅਸਧਾਰਨ ਹਾਲਾਤ ਵਾਪਰਦੇ ਹਨ ਜਿੰਨਾਂ ਕਰਕੇ ਟੈਕਸ ਦਾ ਭੁਗਤਾਨ ਖੁੰਝ ਜਾਂਦਾ ਹੈ, ਤੁਸੀਂ ਵਿੱਤ ਮੰਤਰਾਲੇ ਨਾਲ ਸਿੱਧੇ ਸੰਪਰਕ ਕਰ ਸਕਦੇ ਹੋ, ਅਤੇ ਜੇ ਕਾਨੂੰਨ ਹੇਠ, ਉਸਦੀ ਆਗਿਆ ਹੈ ਤਾਂ ਮੰਤਰਾਲਾ ਲੇਟ ਭੁਗਤਾਨਾਂ ਸੰਬੰਧੀ ਕਿਸੇ ਵੀ ਜੁਰਮਾਨੇ ਵਿੱਚ ਪੂਰੀ ਤਰ੍ਹਾਂ ਜਾਂ ਉਸਦੇ ਕੁਝ ਭਾਗ ਵਿੱਚ ਛੋਟ ਦੇ ਸਕਦਾ ਹੈ।

## ਸਮੌਲ ਬਿਜ਼ਨਸ ਬੀਸੀ

SMALL BUSINESS BC

ਕਾਰੋਬਾਰਾਂ ਸੰਬੰਧੀ ਸਿਖਲਾਈ, ਜਾਣਕਾਰੀ ਅਤੇ ਸਲਾਹ ਲਈ ਸੂਬੇ ਦਾ ਮੁੱਖ ਸ੍ਰੋਤ।

ਸਮੌਲ ਬਿਜ਼ਨਸ ਬੀਸੀ ਕਾਰੋਬਾਰ ਨੂੰ ਜਾਰੀ ਰੱਖਣ ਸੰਬੰਧੀ ਯੋਜਨਾਬੰਦੀ ਅਤੇ ਇਥੇ ਦਿੱਤੇ ਗਏ ਵਿਸ਼ਿਆਂ ਵਿੱਚੋਂ ਕਿਸੇ ਵੀ ਬਾਰੇ ਹੋਰ ਜਾਣਕਾਰੀ ਲਈ ਸਭ ਤੋਂ ਵਧੀਆ ਸ੍ਰੋਤ ਹੈ। ਇੱਕ ਸਲਾਹਕਾਰ ਨਾਲ ਗੱਲ ਕਰਨ ਲਈ 1-800-667-2272 ਤੇ ਫੋਨ ਕਰੋ ਜਾਂ ਸਿੱਖਿਆ, ਲੇਖ ਅਤੇ ਦੂਸਰੇ ਸਹਾਇਕ ਸ੍ਰੋਤ ਲੱਭਣ ਲਈ www.smallbusinessbc.ca ਤੇ ਉਨ੍ਹਾਂ ਦੀ ਵੈੱਬਸਾਇਟ ਤੇ ਜਾਓ।

ਤਿਆਰੀ ਸੰਬੰਧੀ ਸਹਾਇਤਾ ਵਿੱਚ ਸ਼ਾਮਲ ਹਨ:

- ਕੋਰੋਨਾਵਾਇਰਸ (COVID-19) ਦੁਆਰਾ ਪ੍ਰਭਾਵਿਤ ਛੋਟੇ ਕਾਰੋਬਾਰਾਂ ਲਈ ਸਾਧਨ
- ਆਪਣੇ ਕਾਰੋਬਾਰ ਨੂੰ ਬਿਪਤਾ ਤੋਂ ਸੁਰੱਖਿਅਤ ਰੱਖਣ ਲਈ 10 ਨੁਸਖੇ
- ਟੌਕ ਟੂ ਐਨ ਐਕਸਪਰਟ ਪ੍ਰੋਗਰਾਮ (ਉਦਾਹਰਣ ਲਈ, ਵਕੀਲ ਅਤੇ ਅਕਾਉਂਟੈਂਟ)

## ਸਾਧਨਾਂ ਲਈ ਲਿੰਕ

### ਐਮਰਜੈਂਸੀ ਯੋਜਨਾਬੰਦੀ:

- ਸੂਬਾਈ ਸਿਹਤ ਅਫਸਰ - ਸੂਬਾਈ ਪੈਨਡੈਮਿਕ ਤਿਆਰੀ
- ਪਰੀਪੇਅਰਡਬੀਸੀ ਗਾਇਡਾਂ ਅਤੇ ਸਾਧਨ
  - ਛੋਟੇ ਕਾਰੋਬਾਰਾਂ ਲਈ ਗਾਇਡ
  - ਛੋਟੇ ਕਾਰੋਬਾਰਾਂ ਲਈ ਐਮਰਜੈਂਸੀ ਯੋਜਨਾ
  - ਟੂਰੀਜ਼ਮ ਓਪਰੇਟਰਾਂ ਲਈ ਗਾਇਡ
  - ਟੂਰੀਜ਼ਮ ਓਪਰੇਟਰਾਂ ਲਈ ਐਮਰਜੈਂਸੀ ਯੋਜਨਾ
- ਕਨੇਡੀਅਨ ਚੈਂਬਰ ਔਫ਼ ਕੌਮਰਸ - ਕਾਰੋਬਾਰ ਲਈ ਪੈਨਡੈਮਿਕ ਪਰੀਪੇਅਰਡਨੈਸ

### ਕਰਮਚਾਰੀਆਂ ਦੀ ਰੱਖਿਆ ਕਰਨਾ ਅਤੇ ਤਾਜ਼ਾ COVID-19 ਜਾਣਕਾਰੀ:

- ਹੈਲਥਲਿੰਕਬੀਸੀ (811 ਨੂੰ ਫੋਨ ਕਰੋ)
- ਬੀਸੀ ਸੈਂਟਰ ਫੌਰ ਡਿਜ਼ੀਜ਼ ਕੰਟਰੋਲ
- ਵਰਲਡ ਹੈਲਥ ਓਰਗੇਨਾਈਜ਼ੇਸ਼ਨ
- ਵਰਕਸੇਫਬੀਸੀ ਗਾਇਡ: ਸੰਪਰਕ ਨੂੰ ਨਿਯੰਤ੍ਰਿਤ ਕਰਨਾ: ਛੂਤਕਾਰੀ ਬਿਮਾਰੀਆਂ ਤੋਂ ਕਾਮਿਆਂ ਦੀ ਰੱਖਿਆ ਕਰਨਾ
- ਬੀਸੀ ਪੈਨਡੈਮਿਕ ਇੰਨਫਲੂਐਂਜ਼ਾ ਪਰੀਪੇਅਰਡਨੈਸ - ਸਾਬਣ ਅਤੇ ਪਾਣੀ ਨਾਲ ਹੱਥ ਧੋਣੇ ਪੋਸਟਰ
- ਕਨੇਡੀਅਨ ਫੈਡਰੇਸ਼ਨ ਔਫ਼ ਇੰਡੀਪੇਨਡੇਂਟ ਬਿਜ਼ਨਸ - ਕੋਰੋਨਾਵਾਇਰਸ ਅਤੇ ਛੋਟੇ ਕਾਰੋਬਾਰ: ਤੁਹਾਨੂੰ ਅਤੇ ਤੁਹਾਡੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣਾ

### ਓਪਰੇਸ਼ਨ ਜਾਰੀ ਰੱਖਣੇ:

- ਵਰਲਡ ਹੈਲਥ ਓਰਗੇਨਾਈਜ਼ੇਸ਼ਨ - ਆਪਣੇ ਕੰਮ ਦੇ ਸਥਾਨ ਨੂੰ COVID-19 ਲਈ ਤਿਆਰ ਕਰਨਾ
- ਇੰਸ਼ੋਰੈਂਸ ਬਿਊਰੋ ਔਫ਼ ਕੈਨੇਡਾ - ਬਿਜ਼ਨਸ ਇੰਟਰਪਸ਼ਨ ਇੰਸ਼ੋਰੈਂਸ
- ਡੇਸਟੀਨੇਸ਼ਨ ਬੀਸੀ - COVID-19 (ਕੋਰੋਨਾਵਾਇਰਸ) ਅੱਪਡੇਟ
- ਕੈਨੇਡਾ ਸਰਕਾਰ - ਕੋਰੋਨਾਵਾਇਰਸ ਬਿਮਾਰੀ (COVID-19): ਯਾਤਰਾ ਸੰਬੰਧੀ ਸਲਾਹ
- ਏਮਪਲੋਏਮੈਂਟ ਐਂਡ ਸੋਸ਼ਲ ਡੇਵੇਲਪਮੈਂਟ ਕੈਨੇਡਾ - ਈਆਈ (EI) ਲਈ ਰੋਜ਼ਗਾਰਦਾਤਾ ਸੰਪਰਕ ਸੈਂਟਰ

*ਬੇਦਾਅਵਾ: ਇਹ ਚੈੱਕਲਿਸਟ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਮੁਹੱਈਆ ਕੀਤੀ ਜਾਂਦੀ ਹੈ ਅਤੇ ਕਾਨੂੰਨੀ ਜਾਂ ਹੋਰ ਪੇਸ਼ੇਵਰ ਸਲਾਹ ਦੀ ਥਾਂ ਲੈਣ ਲਈ ਇਛੱਤ ਨਹੀਂ ਹੈ।*